ਚੇਅਰਮੈਨ,
ਪੰਜਾਬ ਪੇ ਕਮਿਸ਼ਨ, ਚੰਡੀਗੜ੍ਹ,

ਵਿਸ਼ਾ :- **ਸਕੂਲਾ ਵਿਚ ਕੰਮ ਕਰ ਰਹੇ ਮੈਟ੍ਰਿਕ ਪਾਸ ਅਤੇ ਇੱਕ ਸਾਲ ਦਾ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ਦੀ ਯੋਗਤਾ ਰੱਖਣ ਵਾਲੇ ਸਕੂਲ ਲਾਇਬ੍ਰੇਰੀਅਨ ਨੂੰ 4550-7220 ਦਾ ਗਰੇਡ ਲਾਗੂ ਕਰਨ ਬਾਰੇ।**

ਸ੍ਰੀਮਾਨ ਜੀ,

ਬੇਨਤੀ ਹੈ ਕਿ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਨੰਬਰ: I.D.No. 11.7.9/2.096-1 FP1/177 ਮਿਤੀ ...26.4.07..... ਰਾਹੀ 10+2 ਅਤੇ 2 ਸਾਲ ਦਾ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ਦੀ ਯੋਗਤਾ ਰੱਖਣ ਵਾਲੇ ਸਕੂਲ ਲਾਇਬ੍ਰੇਰੀਅਨ ਨੂੰ 4550-7220 ਦਾ ਗਰੇਡ ਦਿੱਤਾ ਗਿਆ ਹੈ , ਜਦ ਕਿ ਮੈਟ੍ਰਿਕ ਪਾਸ ਅਤੇ ਇੱਕ ਸਾਲ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ਦੀ ਯੋਗਤਾ ਰੱਖਣ ਵਾਲੇ ਸਕੂਲ ਲਾਇਬ੍ਰੇਰੀਅਨ ਨੂੰ 4550-7220 ਦਾ ਮੁੱਢਲਾ ਗਰੇਡ ਨਹੀ ਦਿੱਤਾ ਗਿਆ ਜ਼ੋ ਕਿ ਹੇਠਾਂ ਲਿਖੀ ਬੇਨਤੀ ਅਨੁਸਾਰ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ:-

1) ਇਹ ਕਿ ਹੁਣ ਅੱਗੇਨੂੰ ਸਕੂਲ ਲਾਇਬਰੇਰੀਅਨ ਦੀ ਨਿਯੁਕਤੀ ਲਈ ਵਿਦਿੱਅਕ ਯੋਗਤਾ 10+2 ਤੇ ਲਇਬਰੇਰੀ ਸਾਇੰਸ ਵਿੱਚ 2 ਸਾਲ ਦਾ ਡਿਪਲੋਮਾ ਹੋਈ ਹੈ ਪਰ ਜਿਹੜੇ ਸਕੂਲ ਲਾਇਬ੍ਰੇਰੀਅਨ ਪਹਿਲਾਂ ਕੰਮ ਕਰ ਰਹੇ ਹਨ,ਉਹਨਾਂ ਤੇ ਅੱਗੇਨੂੰ ਇਸੇ ਅਸਾਮੀ ਤੇ ਨਿਯੁਕਤੀ ਲਈ ਵਧਾਈ ਗਈ ਵਿੱਦਿਅਕ ਯੋਗਤਾ ਲਾਗੂ ਨਹੀ ਹੁੰਦੀ ਕਿਉਂਕਿ ਜਿਸ ਮਿਤੀ ਨੂੰ ਜਿਹੜਾ ਕਰਮਚਾਰੀ ਸਕੂਲ ਲਾਇਬੇਰੀਅਨ ਨਿਯੁਕਤ ਹੋਇਆ ਹੈ ਉਸ ਮਿਤੀ ਨੂੰ ਉਹ ਸਰਕਾਰ ਵਲੋ ਸਕੂਲ ਲਾਇਬ੍ਰੇਰੀਅਨ ਦੀ ਨਿਯੁਕਤੀ ਲਈ ਅਪਰੂਵਡ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦਾ ਸੀ ਤਾਂ ਹੀ ਉਸਨੂੰ ਸਕੂਲ ਲਾਇਬ੍ਰੇਰੀਨ ਨਿਯੁਕਤੀ ਕੀਤਾ ਗਿਆ ਹੈ।

2) ਇਹ ਕਿ ਕਿਸੇ ਵੀ ਅਸਾਮੀ ਤੇ ਨਿਯੁਕਤੀ ਲਈ ਅੱਗੇਨੂੰ ਵਧਾਈ ਹੋਈ ਵਿੱਦਿਅਕ ਯੋਗਤਾ ਉਸ ਹੀ ਅਸਾਮੀ ਤੇ ਪਹਿਲਾ ਕੰਮ ਕਰ ਰਹੇ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀ ਹੈ ਜਿਸ ਤਰ੍ਹਾਂ 1986 ਵਾਲੇ ਪੇ ਕਮੀਸ਼ਨ ਜੀ ਨੇ ਪੰਜਾਬੀ ਟੀਚਰ ਅਤੇ ਹਿੰਦੀ ਟੀਚਰ ਦੀ ਨਿਯੁਕਤੀ ਲਈ ਵਿੱਦਿਅ਼ਕ ਯੋਗਤੀ ਅੰਗੇਨੂੰ ਪੰਜਾਬੀ ਟੀਚਰ ਲਈ ਬੀ.ਏ. ਪੰਜਾਬੀ ਵਿਸ਼ੇ ਨਾਲ ਅਤੇ ਬੀ.ਐਡ ਹਿੰਦੀ ਟੀਚਰ ਲਈ ਬੀ.ਏ. ਹਿੰਦੀ ਵਿਸ਼ੇ ਨਾਲ ਅਤੇ ਬੀ.ਐਡ ਕਰਕੇ ਇਹਨਾਂ ਦੋਹਾਂ ਅਸਾਮੀਆ ਤੇ ਲੱਗਣ ਵਾਲੇ ਅਧਿਆਪਕਾਂ ਨੂੰ ਮਾਸਟਰ ਗਰੇਡ 1640-2925 ਦਿੱਤਾ ਗਿਆ ਭਾਵ ਅੱਗੇ ਨੂੰ ਵਧਾਇਆ ਹੋਇਆ ਗਰੇਡ ਦਿੱਤਾ ਨਾ ਕਿ ਬੀ.ਏ. ਪੰਜਾਬੀ ਅਤੇ ਬੀ.ਐਡ ਯੋਗਤਾ ਰੱਖਣ ਵਾਲੇ ਪੰਜਾਬੀ ਟੀਚਰ, ਬੀ.ਏ ਹਿੰਦੀ ਅਤੇ ਬੀ.ਐਡ ਯੋਗਤਾ ਰੱਖਣ ਵਾਲੇ ਹਿੰਦੀ ਟੀਚਰਾਂ ਨੂੰ ਪਹਿਲਾਂ ਕੰਮ ਕਰ ਰਹੇ ਘੱਟ ਯੋਗਤਾ ਰੱਖਣ ਵਾਲੇ ਅਧਿਆਪਕਾ ਨਾਲੋ ਵੱਧ ਗਰੇਡ ਦਿੱਤਾ ਗਿਆ ਕਿਉਂਕਿ ਕੋਈ ਵੀ ਵਧਾਈ ਹੋਈ ਵਿਦਿਅਕ ਯੋਗਤਾ ਕੰਮ ਕਰ ਰਹੇ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀ ਹੈ ਜੀ।

3) ਇਹ ਕਿ ਜਿਸ ਤਰ੍ਹਾਂ ਕਿ ਕਲਰਕ ਦੀ ਨਿਸ਼ੁਕਤੀ ਲਈ ਪਹਿਲਾ ਵਿੱਦਿਅਕ ਯੋਗਤਾ ਦਸਵੀ ਪਾਸ ਸੀ ਤੇ ਹੁਣ 10+2 ਹੋ ਗਈ ਪਰ ਪਹਿਲਾ ਕੰਮ ਕਰ ਰਹੇ ਦਸਵੀ ਪਾਸ ਕਲਰਕ ਤੇ ਅੱਗੇਨੂੰ ਵਧਾਈ ਵਿਦਿੱਅਕ ਯੋਗਤਾ 10+2 ਪਾਸ ਨਾਲ ਲੱਗਣ ਵਾਲੇ ਕਲਰਕਾਂ ਨੂੰ ਇੱਕ ਹੀ ਗਰੇਡ ਦਿੱਤਾ ਜਾ ਰਿਹਾ ਨਾ ਕਿ 10+2 ਪਾਸ ਕਲਰਕਾਂ ਨੂੰ 10 ਵੀ ਪਾਸ ਕਲਰਕਾਂ ਨਾਲੋ ਵੱਧ ਗਰੇਡ ਦਿੱਤਾ ਜਾ ਰਿਹਾ ਹੈ।

4) ਇਹ ਕਿ ਸਕੂਲ ਲਾਇਬਰੇਰੀਅਨ ਦਾ ਗਰੇਡ ਪਹਿਲਾਂ ਤੋ ਹੀ ਜੇ.ਬੀ.ਟੀ. ਅਧਿਆਪਕਾਂ ਦੇ ਗਰੇਡ ਦੇ ਬਰਾਬਰ ਹੋਣ ਕਾਰਣ ਜਦ ਜੇ.ਬੀ.ਟੀ. ਅਧਿਆਪਕਾ ਨੂੰ ਮੁੱਢਲਾ 4550-7220 ਦਾ ਗਰੇਡ ਦਿੱਤਾ।ਗਿਆ ਹੈ ਤਾ ਸਕੂਲ ਲਾਇਬਰੇਰੀਅਨ ਨੂੰ ਵੀ 4550-7220 ਦਿੱਤਾ ਗਰੇਡ ਲਾਗੂ ਕੀਤਾ ਜਾਵੇ ਜੀ।

ਇਸ ਲਈ ਕ੍ਰਿਪਾ ਕਰਕੇ ਸਿੱਖਿਆ ਵਿਭਾਗ ਵਿੱਚ ਕੰਮ ਕਰੇ ਰਹੇ ਮੈਟ੍ਰਿਕ ਪਾਸ ਅਤੇ ਇੱਕ ਸਾਲ ਦਾ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ਦੀ ਯੋਗਤਾ ਰੱਖਣ ਵਾਲੇ ਸਕੂਲ ਲਇਬੇਰੀਅਨ ਨੂੰ ਵੀ 4550-7220 ਦਾ ਮੁੱਢਲਾ ਦਿੱਤਾ ਗਰੇਡ ਲਾਗੂ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਧੰਨਵਾਦ ਸਹਿਤ।

ਆਪ ਜੀ ਦਾ ਵਿਸਵਾਸ਼ਪਾਤਰ,

Manohar Lal — Kamal Dev

ਪ੍ਰਧਾਨ,(ਮਨੋਹਰ ਲਾਲ), ਸਕੱਤਰ,(ਕਮਲ ਦੇਵ),
ਸਕੂਲ ਲਾਇਬ੍ਰੇਰੀਅਨਜ, ਸਕੂਲ ਲਾਇਬ੍ਰੇਰੀਅਨਜ਼,
ਸਿੱਖਿਆ ਵਿਭਾਗ,ਪੁੰਜ਼ਾਬੁ। ਸਿੱਖਿਆ ਵਿਭਾਗ, ਪੰਜਾਬ